# ਤੱਥ ਸ਼ੀਟ
# NSW ਗ਼ੁਲਾਮੀ-ਵਿਰੋਧੀ ਕਮਿਸ਼ਨਰ

## NSW ਗ਼ੁਲਾਮੀ-ਵਿਰੋਧੀ ਕਮਿਸ਼ਨਰ ਕੌਣ ਹੈ?

ਨਿਊ ਸਾਊਥ ਵੇਲਜ਼ ਦੇ ਗ਼ੁਲਾਮੀ-ਵਿਰੋਧੀ ਕਮਿਸ਼ਨਰ ਡਾ. ਜੇਮਸ ਕੌਕੇਅਨ ਹਨ। ਡਾ. ਕੌਕੇਅਨ ਦਾ ਪੰਜ ਸਾਲਾ ਕਾਰਜਕਾਲ 1 ਅਗਸਤ 2022 ਨੂੰ ਸ਼ੁਰੂ ਹੋਇਆ ਹੈ।

ਗ਼ੁਲਾਮੀ ਵਿਰੋਧੀ ਕਮਿਸ਼ਨਰ ਦੀ ਭੂਮਿਕਾ *ਆਧੁਨਿਕ ਗ਼ੁਲਾਮੀ ਐਕਟ 2018* (Modern Slavery Act 2018) (NSW) ਦੁਆਰਾ ਬਣਾਈ ਗਈ ਸੀ। ਇਹ ਕਮਿਸ਼ਨਰ ਨੂੰ ਇੰਨ੍ਹਾਂ ਕੰਮਾਂ ਲਈ ਅਧਿਕਾਰ ਦਿੰਦਾ ਹੈ:

- ਆਧੁਨਿਕ ਗ਼ੁਲਾਮੀ ਦਾ ਮੁਕਾਬਲਾ ਕਰਨ ਲਈ ਕਾਰਵਾਈ ਕਰਨ ਦੀ ਵਕਾਲਤ ਕਰਨਾ ਅਤੇ ਕਾਰਵਾਈ ਕਰਨ ਨੂੰ ਉਤਸ਼ਾਹਿਤ ਕਰਨਾ
- ਆਧੁਨਿਕ ਗ਼ੁਲਾਮੀ ਦੇ ਪੀੜਤਾਂ ਦੀ ਪਛਾਣ ਕਰਨਾ, ਅਤੇ ਉਹਨਾਂ ਨੂੰ ਸਹਾਇਤਾ ਅਤੇ ਸਮਰਥਨ ਪ੍ਰਦਾਨ ਕਰਨਾ
- ਇਹ ਯਕੀਨੀ ਬਣਾਉਣ ਲਈ ਕਿ ਆਧੁਨਿਕ ਗ਼ੁਲਾਮੀ ਨਾਲ ਲੜਨ ਲਈ ਸਰਕਾਰੀ ਕਾਨੂੰਨ ਅਤੇ ਨੀਤੀਆਂ ਪ੍ਰਭਾਵਸ਼ਾਲੀ ਹਨ
- ਸਪਲਾਈ-ਚੇਨਾਂ ਤੋਂ ਆਧੁਨਿਕ ਗ਼ੁਲਾਮੀ ਦੇ ਉਤਪਾਦਾਂ ਨੂੰ ਹਟਾਉਣ ਲਈ NSW ਜਨਤਕ ਖ਼ਰੀਦ ਦੇ ਯਤਨਾਂ ਦਾ ਸਮਰਥਨ ਅਤੇ ਨਿਗਰਾਨੀ ਕਰਨਾ
- ਸਪਲਾਈ-ਚੇਨਾਂ ਵਿੱਚ ਆਧੁਨਿਕ ਗ਼ੁਲਾਮੀ ਸੰਬੰਧੀ ਜ਼ੋਖਮਾਂ ਨੂੰ ਹੱਲ ਕਰਨ ਦੇ ਯਤਨਾਂ ਨਾਲ ਸੰਬੰਧਿਤ ਅਚਾਰ-ਵਿਹਾਰ ਦੇ ਕੋਡ ਨੂੰ ਜਾਰੀ ਕਰਨਾ ਅਤੇ ਇਸ ਨਾਲ ਸੰਬੰਧਿਤ ਜਨਤਕ ਰਜਿਸਟਰ ਨੂੰ ਬਰਕਰਾਰ ਰੱਖਣਾ
- ਆਧੁਨਿਕ ਗ਼ੁਲਾਮੀ ਬਾਰੇ ਭਾਈਚਾਰੇ ਵਿੱਚ ਜਾਗਰੂਕਤਾ ਪੈਦਾ ਕਰਨਾ।

Office of the
NSW Anti-slavery
Commissioner

Working together
for real freedom

NSW Anti-slavery Commissioner's
Strategic Plan 2023–2026

## ਆਧੁਨਿਕ ਗ਼ੁਲਾਮੀ ਕੀ ਹੈ?

ਆਧੁਨਿਕ ਗ਼ੁਲਾਮੀ ਕਰਵਾਉਣਾ ਉਦੋਂ ਹੁੰਦਾ ਹੈ ਜਦੋਂ ਇੱਕ ਵਿਅਕਤੀ ਦੂਜੇ ਵਿਅਕਤੀ ਨਾਲ ਅਜਿਹਾ ਵਿਹਾਰ ਕਰਦਾ ਹੈ ਜਿਵੇਂ ਕਿ ਉਹ ਉਸਦੀ ਮਲਕੀਅਤ ਹੈ - ਉਸਦੀ ਆਜ਼ਾਦੀ ਨੂੰ ਸੀਮਤ ਕਰਦਾ ਹੈ। ਆਧੁਨਿਕ ਗ਼ੁਲਾਮੀ ਇੱਕ ਅਜਿਹਾ ਸ਼ਬਦ ਹੈ ਜੋ ਵੱਖ-ਵੱਖ ਕਾਨੂੰਨੀ ਅਪਰਾਧਾਂ ਨੂੰ ਸ਼ਾਮਿਲ ਕਰਦਾ ਹੈ। ਇੰਨ੍ਹਾਂ ਵਿੱਚ ਸ਼ਾਮਲ ਹਨ:

- ਗ਼ੁਲਾਮੀ ਕਰਵਾਉਣਾ
- ਨੌਕਰ ਵਾਂਗ ਸੇਵਾ ਕਰਵਾਉਣਾ
- ਜਿਸਮਾਨੀ ਗ਼ੁਲਾਮੀ
- ਜਬਰੀ ਮਜ਼ਦੂਰੀ
- ਜ਼ਬਰਦਸਤੀ ਵਿਆਹ
- ਕਰਜ਼ੇ ਦਾ ਬੰਧਨ
- ਵਿਅਕਤੀਆਂ ਦੀ ਤਸਕਰੀ
- ਮਜ਼ਦੂਰੀ ਜਾਂ ਸੇਵਾਵਾਂ ਲਈ ਧੋਖਾਧੜੀ ਵਾਲੀ ਭਰਤੀ
- ਅੰਗ ਅਤੇ ਟਿਸ਼ੂ ਦੀ ਤਸਕਰੀ
- ਬੱਚਿਆਂ ਦਾ ਔਨਲਾਈਨ ਜਿਸਮਾਨੀ ਸ਼ੋਸ਼ਣ

## ਕੀ NSW ਵਿੱਚ ਆਧੁਨਿਕ ਗ਼ੁਲਾਮੀ ਮੌਜੂਦ ਹੈ?

ਹਾਂ। ਦੁਨੀਆ ਭਰ ਵਿੱਚ ਅੰਦਾਜ਼ਨ 50 ਮਿਲੀਅਨ (500 ਲੱਖ) ਲੋਕ ਆਧੁਨਿਕ ਗ਼ੁਲਾਮੀ ਵਿੱਚ ਜ਼ਿੰਦਗੀ ਜਿਉਂ ਰਹੇ ਹਨ। ਆਸਟ੍ਰੇਲੀਆ ਵਿਚ ਅੰਦਾਜ਼ਨ 41,000 ਲੋਕ ਆਧੁਨਿਕ ਗ਼ੁਲਾਮੀ ਵਿਚ ਜੀਅ ਰਹੇ ਹਨ, ਜਿਸ ਵਿੱਚੋਂ ਅੰਦਾਜ਼ਨ 16,400 ਲੋਕ ਨਿਊ ਸਾਊਥ ਵੇਲਜ਼ ਵਿਚ ਹਨ।

## NSW ਵਿੱਚ ਆਧੁਨਿਕ ਗ਼ੁਲਾਮੀ ਦੀਆਂ ਕੁੱਝ ਉਦਾਹਰਨਾਂ ਕੀ ਹਨ?

ਗ਼ੁਲਾਮੀ ਵਿਰੋਧੀ ਕਮਿਸ਼ਨਰ ਦੇ ਦਫ਼ਤਰ ਨੂੰ NSW ਵਿੱਚ ਬਹੁਤ ਸਾਰੀਆਂ ਵੱਖ-ਵੱਖ ਕਿਸਮਾਂ ਦੀਆਂ ਆਧੁਨਿਕ ਗ਼ੁਲਾਮੀ ਦੀਆਂ ਭਰੋਸੇਯੋਗ ਸੂਚਨਾਵਾਂ ਪ੍ਰਾਪਤ ਹੋਈਆਂ ਹਨ, ਜਿਸ ਵਿੱਚ ਸ਼ਾਮਲ ਹਨ:

- ਖੇਤਰੀ NSW ਵਿੱਚ ਖੇਤਾਂ ਵਿੱਚ ਜਬਰੀ ਮਜ਼ਦੂਰੀ ਵਿੱਚ ਫਸੇ ਕਾਮੇ।
- ਸ਼ਹਿਰੀ ਘਰਾਂ ਵਿੱਚ ਕਾਮਿਆਂ ਨੂੰ ਘਰੇਲੂ ਨੌਕਰ ਵਜੋਂ ਕੰਮ ਕਰਨ ਲਈ ਮਜਬੂਰ ਕੀਤਾ ਜਾਣਾ।
- ਔਰਤਾਂ ਅਤੇ ਬੱਚਿਆਂ ਨੂੰ, ਨਿੱਜੀ ਤੌਰ 'ਤੇ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਜਿਸਮਾਨੀ ਸ਼ੋਸ਼ਣ ਲਈ ਤਿਆਰ ਕੀਤਾ ਅਤੇ ਜ਼ਬਰਦਸਤੀ ਇਸ ਵਿੱਚ ਧੱਕਿਆਂ ਜਾਣਾ।
- ਕਰਜ਼ੇ ਦੀ ਜਕੜ ਵਿੱਚ ਫਸੇ ਹੋਏ ਦਫਤਰਾਂ ਵਿੱਚ ਕੰਮ ਕਰਦੇ ਸਫ਼ਾਈ ਕਰਮਚਾਰੀ ਅਤੇ ਸੁਰੱਖਿਆ ਗਾਰਡ।
- ਘੱਟ ਉਮਰ ਮਰਦ, ਔਰਤਾਂ ਅਤੇ ਲੜਕੀਆਂ ਨੂੰ ਇੱਥੇ ਜਾਂ ਵਿਦੇਸ਼ਾਂ ਵਿੱਚ ਜਬਰੀ ਵਿਆਹ ਕਰਨ ਲਈ ਮਜਬੂਰ ਕੀਤਾ ਜਾਣਾ।
- ਅਪਾਹਜਤਾ ਨਾਲ ਰਹਿ ਰਹੇ ਲੋਕ ਜਿਨ੍ਹਾਂ ਦਾ ਵੱਖ-ਵੱਖ ਕਾਰਜ ਸਥਾਨਾਂ ਜਾਂ ਸੰਸਥਾਗਤ ਦੇਖਭਾਲ ਪ੍ਰਬੰਧਾਂ ਵਿੱਚ ਸ਼ੋਸ਼ਣ ਕੀਤਾ ਜਾਣਾ।
- ਮੂਲ ਵਾਸੀ ਲੋਕਾਂ ਤੋਂ ਜਬਰੀ ਮਜ਼ਦੂਰੀ ਅਤੇ ਜ਼ਬਰਦਸਤੀ ਬਾਲ ਮਜ਼ਦੂਰੀ ਕਰਵਾਉਣਾ।

# ਤੱਥ ਸ਼ੀਟ
# NSW ਗ਼ੁਲਾਮੀ-ਵਿਰੋਧੀ ਕਮਿਸ਼ਨਰ

## NSW ਵਿੱਚ ਆਧੁਨਿਕ ਗ਼ੁਲਾਮੀ ਨੂੰ ਖ਼ਤਮ ਕਰਨ ਲਈ ਗ਼ੁਲਾਮੀ-ਵਿਰੋਧੀ ਕਮਿਸ਼ਨਰ ਕੀ ਕਰ ਰਿਹਾ ਹੈ?

ਗ਼ੁਲਾਮੀ ਵਿਰੋਧੀ ਕਮਿਸ਼ਨਰ:

**ਰੋਕਥਾਮ ਸਮਰੱਥਾ ਬਣਾ ਰਿਹਾ ਹੈ** - NSW ਦੀਆਂ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਦੇ ਨਾਲ ਮਿਲਕੇ ਉਨ੍ਹਾਂ ਦੀ ਉਹਨਾਂ ਲੋਕਾਂ ਦੀ ਪਛਾਣ ਕਰਨ ਵਿੱਚ ਮੱਦਦ ਕਰਨ ਲਈ ਕੰਮ ਕਰ ਰਿਹਾ ਹੈ ਜੋ ਆਧੁਨਿਕ ਗ਼ੁਲਾਮੀ ਪ੍ਰਤੀ ਜ਼ੋਖਮ 'ਤੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਸ਼ਿਕਾਰ ਹੋਣ ਤੋਂ ਰੋਕਦਾ ਹੈ। ਇਸ ਵਿੱਚ ਫਰੰਟਲਾਈਨ ਵਰਕਰਾਂ ਨੂੰ ਸਾਧਨਾਂ ਨਾਲ ਲੈਸ ਕਰਨਾ ਅਤੇ ਪ੍ਰਭਾਵਸ਼ਾਲੀ ਸਹਾਇਤਾ ਅਤੇ ਰੈਫ਼ਰਲ ਹੌਟਲਾਈਨ ਸਥਾਪਤ ਕਰਨਾ ਸ਼ਾਮਲ ਹੈ।

**ਹੱਲ ਨੂੰ ਸਮਰੱਥ ਬਣਾ ਰਿਹਾ ਹੈ** - ਸੇਵਾ ਪ੍ਰਦਾਤਾਵਾਂ ਦੇ ਨਾਲ ਮਿਲਕੇ ਕੰਮ ਕਰ ਰਿਹਾ ਹੈ ਤਾਂ ਜੋ ਆਧੁਨਿਕ ਗ਼ੁਲਾਮੀ ਤੋਂ ਪੀੜਤ ਲੋਕਾਂ ਲਈ ਪ੍ਰਭਾਵਸ਼ਾਲੀ ਉਪਾਅ ਲਈ ਪਹੁੰਚ ਵਿੱਚ ਸੁਧਾਰ ਕੀਤਾ ਜਾ ਸਕੇ। ਇਸ ਵਿੱਚ ਪ੍ਰਭਾਵਸ਼ਾਲੀ ਸਹਾਇਤਾ ਤੱਕ ਪਹੁੰਚ ਕਰਨ ਨੂੰ ਮਜ਼ਬੂਤ ਕਰਨਾ ਅਤੇ ਜੋ ਪੀੜਤ ਇਸ ਵਿੱਚੋਂ ਬਚ ਕੇ ਬਾਹਰ ਨਿਕਲੇ ਹਨ ਉਹਨਾਂ ਵੱਲੋਂ ਅਗਵਾਈ ਕਰਨ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ।

**ਕਾਰੋਬਾਰੀ ਤੌਰ 'ਤੇ ਜ਼ਿੰਮੇਵਾਰ ਕੰਮ ਕਰਨ ਦੇ ਤਰੀਕਿਆਂ ਨੂੰ ਉਤਸ਼ਾਹਿਤ ਕਰ ਰਿਹਾ ਹੈ** - ਸਪਲਾਈ ਚੇਨ ਅਤੇ ਨਿਵੇਸ਼ ਵਿੱਚ ਆਧੁਨਿਕ ਗ਼ੁਲਾਮੀ ਦੀ ਪਛਾਣ ਕਰਨ ਅਤੇ ਹੱਲ ਕਰਨ ਵਿੱਚ ਅਗਵਾਈ ਦਿਖਾਉਣ ਲਈ ਸਰਕਾਰੀ ਅਤੇ ਨਿੱਜੀ ਕੰਪਨੀਆਂ ਨਾਲ ਮਿਲਕੇ ਕੰਮ ਕਰ ਰਿਹਾ ਹੈ। ਇਸ ਵਿੱਚ ਜਨਤਕ ਖ਼ਰੀਦ ਵਿੱਚੋਂ ਆਧੁਨਿਕ ਗ਼ੁਲਾਮੀ ਦੇ ਉਤਪਾਦਾਂ ਨੂੰ ਹਟਾਉਣਾ ਅਤੇ ਨਿੱਜੀ ਖੇਤਰ ਵਿੱਚ ਕਾਰੋਬਾਰੀ ਤੌਰ 'ਤੇ ਜ਼ਿੰਮੇਵਾਰ ਕੰਮ ਕਰਨ ਦੇ ਤਰੀਕਿਆਂ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ।

**ਲੋਕ ਵਾਰਤਾ ਨੂੰ ਬਦਲ ਰਿਹਾ ਹੈ** - NSW ਵਿੱਚ ਆਧੁਨਿਕ ਗ਼ੁਲਾਮੀ ਬਾਰੇ ਜਾਗਰੂਕਤਾ ਇਸ ਤਰੀਕੇ ਨਾਲ ਵਧਾ ਰਿਹਾ ਹੈ ਜੋ ਇਸ ਵਿੱਚੋਂ ਬਚਣ ਵਾਲਿਆਂ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ ਅਤੇ ਗ਼ੁਲਾਮੀ-ਵਿਰੋਧੀ ਲਈ ਕਾਰੋਬਾਰ ਅਤੇ ਨੀਤੀ ਕੇਸਾਂ ਦਾ ਨਿਰਮਾਣ ਕਰਦਾ ਹੈ।

**ਇੱਕ ਉਦੇਸ਼ ਲਈ ਭਾਈਚਾਰੇ ਦਾ ਵਿਕਾਸ ਕਰ ਰਿਹਾ ਹੈ** - *ਆਧੁਨਿਕ ਗ਼ੁਲਾਮੀ ਐਕਟ 2018 (Modern Slavery Act 2018) (NSW)* ਨੂੰ ਲਾਗੂ ਕਰਨ ਲਈ ਚਿਰ-ਟਿਕਾਊ ਅਤੇ ਸ਼ਮੂਲੀਅਤ ਭਰੀ ਨੀਂਹ ਰੱਖ ਰਿਹਾ ਹੈ, ਇਸ ਐਕਟ ਦੇ ਟੀਚਿਆਂ ਵੱਲ ਨੂੰ ਕੰਮ ਕਰਨ ਲਈ ਹਿੱਸੇਦਾਰਾਂ ਨੂੰ ਇਕੱਠੇ ਕਰ ਰਿਹਾ ਹੈ ਅਤੇ ਇਹ ਯਕੀਨੀ ਬਣਾ ਰਿਹਾ ਹੈ ਕਿ ਆਧੁਨਿਕ ਗ਼ੁਲਾਮੀ ਦਾ ਮੁਕਾਬਲਾ ਕਰਨ ਦੀਆਂ ਕੋਸ਼ਿਸ਼ਾਂ ਚਿਰ-ਟਿਕਾਊ ਅਤੇ ਸਫ਼ਲ ਹੋ ਸਕਦੀਆਂ ਹਨ।



## ਕੀ ਤੁਸੀਂ, ਜਾਂ ਤੁਹਾਡਾ ਕੋਈ ਜਾਣਕਾਰ ਖ਼ਤਰੇ ਵਿੱਚ ਹੈ?

ਜੇਕਰ ਤੁਸੀਂ ਜਾਂ ਕੋਈ ਵਿਅਕਤੀ ਜਿਸਨੂੰ ਤੁਸੀਂ ਜਾਣਦੇ ਹੋ, ਜਾਂ ਮਨੁੱਖੀ ਤਸਕਰੀ ਜਾਂ ਗ਼ੁਲਾਮੀ ਕਰਨ ਦੇ ਜ਼ੋਖਮ ਵਿੱਚ ਹੈ ਤਾਂ ਤੁਸੀਂ:

- antislavery@justice.nsw.gov.au 'ਤੇ NSW ਗ਼ੁਲਾਮੀ ਵਿਰੋਧੀ ਕਮਿਸ਼ਨਰ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ।। ਅਸੀਂ ਤੁਹਾਨੂੰ ਲੋੜੀਂਦੀਆਂ ਸੁਰੱਖਿਆ ਅਤੇ ਸਹਾਇਤਾ ਸੇਵਾਵਾਂ, ਜਿਵੇਂ ਕਿ ਰਿਹਾਇਸ਼, ਕਾਨੂੰਨੀ ਅਤੇ ਇਮੀਗ੍ਰੇਸ਼ਨ ਸਲਾਹ, ਕਾਉਂਸਲਿੰਗ ਅਤੇ ਵਿੱਤੀ ਸਹਾਇਤਾ ਲੈਣ ਲਈ ਭੇਜਣ ਵਿੱਚ ਮੱਦਦ ਕਰਾਂਗੇ। ਗ਼ੁਲਾਮੀ ਵਿਰੋਧੀ ਕਮਿਸ਼ਨਰ ਨੂੰ ਉਸ ਨਾਲ ਸਾਂਝੀ ਕੀਤੀ ਗਈ ਰਿਪੋਰਟ ਦੀ ਜਾਣਕਾਰੀ ਨੂੰ ਅੱਗੇ ਪਾਸ ਕਰਨ ਦੀ ਲੋੜ ਨਹੀਂ ਹੈ, ਜਦੋਂ ਤੱਕ ਕਿ ਕਿਸੇ ਬੱਚੇ ਜਾਂ ਨੌਜਵਾਨ ਨੂੰ ਬਹੁਤ ਜ਼ਿਆਦਾ ਨੁਕਸਾਨ ਹੋਣ ਦੇ ਖ਼ਤਰਾ ਦਾ ਸ਼ੱਕ ਕਰਨ ਲਈ ਉਚਿਤ ਆਧਾਰ ਨਾ ਹੋਵੇ; ਜਾਂ
- ਆਸਟ੍ਰੇਲੀਅਨ ਫੈਡਰਲ ਪੁਲਿਸ (AFP) ਨਾਲ 131 237 (131 AFP) 'ਤੇ ਸੰਪਰਕ ਕਰ ਸਕਦੇ ਹੋ ਜਾਂ ਮੱਦਦ ਲਈ AFP ਦੀ ਵੈੱਬਸਾਈਟ www.afp.gov.au 'ਤੇ ਜਾ ਸਕਦੇ ਹੋ।

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ?

ਅਨੁਵਾਦ ਅਤੇ ਦੁਭਾਸ਼ੀਆ ਸੇਵਾ 'ਤੇ 131 450 'ਤੇ ਮੁਫ਼ਤ, ਗੁਪਤ ਦੁਭਾਸ਼ੀਆ ਸੇਵਾ ਉਪਲਬਧ ਹੈ। ਹੋਰ ਸੇਵਾਵਾਂ ਨਾਲ ਗੱਲਬਾਤ ਕਰਨ ਵਿੱਚ TIS ਤੋਂ ਕੋਈ ਦੁਭਾਸ਼ੀਆ ਤੁਹਾਡੀ ਮੱਦਦ ਕਰ ਸਕਦਾ ਹੈ, ਹਾਲਾਂਕਿ TIS ਸਲਾਹ-ਮਸ਼ਵਰਾ ਸੇਵਾ ਪ੍ਰਦਾਨ ਨਹੀਂ ਕਰਦਾ ਹੈ। ਸਾਰੀਆਂ ਕਾਲਾਂ ਮੁਫ਼ਤ ਅਤੇ ਗੁਪਤ ਹੁੰਦੀਆਂ ਹਨ।

## NSW ਗ਼ੁਲਾਮੀ ਵਿਰੋਧੀ ਕਮਿਸ਼ਨਰ ਦੇ ਦਫ਼ਤਰ ਨਾਲ ਸੰਪਰਕ ਵਿੱਚ ਰਹੋ

**ਇੱਥੇ ਸਾਡੀ ਵੈੱਬਸਾਈਟ 'ਤੇ ਜਾਓ**

**Website:** dcjnsw.info/antislaverycommissioner

**Facebook:** @Office of the NSW Anti-slavery Commissioner

**LinkedIn:** @Office of the NSW Anti-slavery Commissioner